**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

(ਕਾਲਜ ਸੈਕਸ਼ਨ)

ਨੰ.: 3086/ਯਕਸ

ਮਿਤੀ: 18-08-2026

ਵੱਲ: ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਤ
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ/ਚੇਅਰਮੈਨ ਸਾਹਿਬਾਨਾਂ ਨੂੰ

ਵਿਸ਼ਾ: ਯੂਨੀਵਰਸਿਟੀ ਨਾਲ ਸੰਬੰਧਤ ਐਜੂਕੇਸ਼ਨ ਕਾਲਜਾਂ ਵੱਲੋਂ ਬੀ.ਐੱਡ. ਦੇ ਦਾਖਲਿਆਂ ਹਿਤ ਮੈਂਡੇਟਰੀ ਪ੍ਰੋਫਾਰਮਾ ਅਤੇ ਸੀਟ ਮੈਟਰਿਕਸ upload ਕਰਕੇ Lock ਕਰਨ ਸੰਬੰਧੀ।

ਸੈਸ਼ਨ 2026-27 ਦੌਰਾਨ ਐਜੂਕੇਸ਼ਨ ਕਾਲਜਾਂ ਵਿਚ ਬੀ.ਐੱਡ. ਦੇ ਦਾਖਲਿਆਂ ਬਾਬਤ ਅਕਾਦਮਿਕ ਕੌਂਸਲ ਦੀ ਮਿਤੀ 22-07-2026 ਨੂੰ ਹੋਈ ਇਕੱਤਰਤਾ ਦੌਰਾਨ ਕੀਤੇ ਗਏ ਆਦੇਸ਼ ਅਨੁਸਾਰ ਜਿਨ੍ਹਾਂ ਕਾਲਜਾਂ ਵਿਖੇ ਅਧਿਆਪਨ ਅਮਲੇ ਦੀ ਘਾਟ ਕਾਰਨ ਸੀਟਾਂ ਘਟਾ ਕੇ ਮੈਂਡੇਟਰੀ ਪ੍ਰੋਫਾਰਮੇ ਜਾਰੀ ਕੀਤੇ ਗਏ ਸਨ, ਉਹਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਘਟਾਈਆਂ ਹੋਈਆਂ ਸੀਟਾਂ ਮੁਤਾਬਕ Seat Matrix ਬਣਾ ਕੇ ਮੈਂਡੇਟਰੀ ਪ੍ਰੋਫਾਰਮੇ ਸਮੇਤ ਬੀ.ਐੱਡ. ਪੋਰਟਲ ਤੇ upload ਕਰਕੇ Lock ਕਰਨ।

ਕਾਲਜਾਂ ਵਿਖੇ ਅਧਿਆਪਨ ਅਮਲੇ ਦੀ ਘਾਟ ਨੂੰ ਦੂਰ ਕਰਨ ਹਿਤ ਜਿਨ੍ਹਾਂ ਕਾਲਜਾਂ ਵੱਲੋਂ ਨਵੇਂ ਅਧਿਆਪਕਾਂ ਦੀ ਚੋਣ ਹਿਤ ਇਸ਼ਤਿਹਾਰ ਦੇ ਕੇ ਇੰਟਰਵਿਊ ਲਈ Dean College Development Council ਦੇ Job Portal ਤੇ Interview Requests ਪਾਈਆਂ ਜਾ ਰਹੀਆਂ ਹਨ, ਦਫਤਰ ਵੱਲੋਂ ਉਹਨਾਂ ਕਾਲਜਾਂ ਦੀਆਂ ਲਗਾਤਾਰ ਇੰਟਰਵਿਊਜ਼ ਕਰਵਾਈਆਂ ਜਾ ਰਹੀਆਂ ਹਨ। ਇਸ ਸੰਬੰਧੀ ਸਿੰਡੀਕੇਟ ਦੀ ਮਿਤੀ 30-07-2026 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਦੇ ਚਲੰਤ ਕਾਰਜ VII ਦੀ ਲੋਅ ਵਿਚ ਮਿਤੀ 21-08-2026 ਤੱਕ ਮੁਕੰਮਲ ਹੋਣ ਵਾਲੀਆਂ ਇੰਟਰਵਿਊਜ਼ ਉਪਰੰਤ ਅਧਿਆਪਨ ਅਮਲੇ ਦਾ ਡਾਟਾ ਚੈੱਕ ਕਰਨ ਤੋਂ ਬਾਅਦ revised Mandatory Proformas ਜਾਰੀ ਕੀਤੇ ਜਾਣਗੇ।

Revised Mandatory Proformas ਪ੍ਰਾਪਤ ਹੋਣ ਦੀ ਸੂਰਤ ਵਿਚ ਸੰਬੰਧਤ ਕਾਲਜ Portal ਨੂੰ Unlock ਕਰਵਾਉਣ ਹਿਤ Subject Line ਵਿਚ "Revised Mandatory Proforma" ਦਰਸਾਉਂਦੇ ਹੋਏ pbbed2026@pbi.ac.in ਤੇ ਈ.ਮੇਲ ਕਰਨ। ਪੋਰਟਲ ਦੁਬਾਰਾ ਖੁਲ੍ਹਣ ਉਪਰੰਤ ਕਾਲਜ ਆਪਣਾ ਨਵਾਂ ਮੈਂਡੇਟਰੀ ਪ੍ਰੋਫਾਰਮਾ ਅਤੇ Seat Matrix upload ਕਰ ਸਕਣਗੇ।

ਸਿੰਡੀਕੇਟ ਦੇ ਫੈਸਲੇ ਅਨੁਸਾਰ ਮਿਤੀ 21-08-2026 ਤੋਂ ਬਾਅਦ ਹੋਣ ਵਾਲੀਆਂ ਇੰਟਰਵਿਊਜ਼ ਤਹਿਤ ਸੈਸ਼ਨ 2026-27 ਦੇ ਦਾਖਲਿਆਂ ਹਿਤ ਸੀਟਾਂ ਨੂੰ restore ਕਰਨਾ ਸੰਭਵ ਨਹੀਂ ਹੋਵੇਗਾ।

18/8/26

**ਡੀ. ਆਰ. - ਕਾਲਜਿਜ਼**